بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜ਼ੁਮਆ 13.08.2021

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

**ਜਲਸਾ ਸਾਲਾਨਾ ਯੂਕੇ 2021 ਈ. ਦੇ ਬਰਕਤਾਂ ਭਰਪੂਰ ਤੇ ਸਫ਼ਲ ਆਯੋਜਨ ਬਾਰੇ ਵਿਚਾਰ ਅਤੇ ਇਸ ਵਿੱਚ ਵਾਪਰਨ ਵਾਲੀਆਂ ਇਲਾਹੀ ਮਿਹਰਾਂ ਦਾ ਇਮਾਨ ਵਿੱਚ ਵਾਧਾ ਕਰਨ ਵਾਲਾ ਜ਼ਿਕਰ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 13 ਅਗਸਤ 2021 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشۡهَدُ أَنۡ لَا إِلَهَ إِلَّا اللّٰهُ وَحۡدَهُ لَا شَرِيۡكَ لَهُ وَأَشۡهَدُ أَنَّ مُحَمَّدًا عَبۡدُهُ وَرَسُولُهُ أَمَّا بعد فاعوذ بالله من الشيطٰن الرجيم۔
بِسۡمِ اللّٰهِ الرَّحۡمٰنِ الرَّحِيۡمِ ۔ اَلۡحَمۡدُ لِلّٰهِ رَبِّ الۡعَالَمِيۡنَ ۔ الرَّحۡمٰنِ الرَّحِيۡمِ ۔ مَالِكِ يَوۡمِ الدِّيۡنِ ۔ إِيَّاكَ نَعۡبُدُ وَإِيَّاكَ نَسۡتَعِيۡنُ ۔ اِهۡدِنَا الصِّرَاطَ الۡمُسۡتَقِيۡمَ ۔ صِرَاطَ الَّذِيۡنَ أَنۡعَمۡتَ عَلَيۡهِمۡ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ۔

ਤਸ਼ਹਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅਲਹਮਦੁਲਿਲੱਾਹ ਬੀਤੇ ਜੁਮਏ ਜਮਾਤ ਅਹਮਦੀਆ ਬਰਤਾਨੀਆ ਦਾ ਜਲਸਾ ਸਾਲਾਨਾ ਇਕ ਸਾਲ ਦੇ ਅੰਤਰਾਲ ਬਾਦ ਜਾਂ ਇਉਂ ਆਖਣਾ ਚਾਹੀਦਾ ਹੈ ਕਿ ਦੋ ਸਾਲਾਂ ਬਾਦ ਸ਼ੁਰੂ ਹੋਕੇ ਤਿੰਨ ਦਿਨ ਅਰੰਭ ਰਹਿਕੇ ਆਪਣੇ ਆਤਮਕ ਵਤਾਵਰਣ ਦੇ ਨਜ਼ਾਰੇ ਦਿਖਾਉਂਦਿਆਂ ਹੋਇਆਂ ਬੀਤੇ ਐਤਵਾਰ ਸਮਾਪਨ ਹੋਇਆ । ਕੋਰੋਨਾ ਦੀ ਵੇਬਾ ਕਰਕੇ ਇਸ ਸਾਲ ਵੀ ਵਾਤਾਵਰਣ ਸੁਖਾਲਾ ਨਹੀਂ ਸੀ ਅਤੇ ਪ੍ਰਬੰਧਕ ਇਹੋ ਸਮਝ ਰਹੇ ਸਨ ਕਿ ਇਸ ਵਰ੍ਹੇ ਵੀ ਜਲਸਾ ਨਹੀਂ ਹੋਵੇਗਾ । ਜੱਦ ਉਹਨਾ ਨੂੰ ਕਿਹਾ ਗਿਆ ਕਿ ਇਨਸ਼ਾਅਲੱਾਹ ਇਸ ਸਾਲ ਜਲਸਾ ਆਯੋਜਤ ਹੋਵੇਗਾ ਤਾਂ ਪ੍ਰਬੰਕਾਂ ਨੇ ਤਿਆਰੀ ਅਰੰਭ ਦਿੱਤੀ ਪਰੰਤੂ ਪੂਰੇ ਸੁਹਿਰਦ ਨਾਲ ਤਿਆਰੀ ਨਹੀਂ ਕਰ ਰਹੇ ਸਨ । ਇੱਥੋਂ ਤੱਕ ਕਿ ਇਕ ਮੌਕੇ ਮੈਨੂੰ ਸਖ਼ਤੀ ਨਾਲ ਆਖਣਾ ਪਿਆ ਕਿ ਜੇਕਰ ਆਪ ਲੋਕ ਇਸ ਸੋਚ ਵਿੱਚ ਰਹਿਕੇ ਕਿ ਜਲਸਾ ਹੁੰਦਾ ਵੀ ਹੈ ਕਿ ਨਹੀਂ, ਬੇਦਿਲੀ ਨਾਲ ਕੰਮ ਕਰਦੇ ਰਹੇ ਤਾਂ ਫਿਰ ਮੈਂ ਨਵੀਂ ਪ੍ਰਬੰਧਕੀ ਕਮੇਟੀ ਨਿਯੁਕਤ ਕਰ ਦਿੰਦਾ ਹਾਂ । ਮੇਰੀ ਇਸ ਗੱਲ ਨੇ ਉਹਨਾਂ ਨੂੰ ਝਟਕਾ ਦਿਤੱਾ ਅਤੇ ਤੇਜ਼ੀ ਨਾਲ ਕੰਮ ਅਰੰਭ ਹੋ ਗਿਆ । ਸੇਵਕ ਜੋ ਕਿ ਮਨੁੱਖੀ ਸ਼ਕਤੀ ਹਨ ਉਹ ਤਾਂ ਲਗਦਾ ਸੀ ਕਿ ਪਹਿਲਾਂ ਤੋਂ ਹੀ ਬੇਚੈਨ ਸਨ, ਇਉਂ ਹਰ ਪਾਸਿਓਂ ਸੇਵਕ ਉਪਲਭਦ ਹੋਣ ਲੱਗ ਪਏ । ਜਲਸਾ ਕਿਉਂਕਿ ਛੋਟੇ ਪਧੱਰ'ਤੇ ਹੋਣਾ ਸੀ ਇਸ ਲਈ ਇਛੱਾ ਰਖੱਣ ਵਾਲੇ ਸੇਵਕਾਂ ਵਿੱਚੋਂ ਚੋਣ ਕਰਨੀ ਪਈ । ਇਸ ਲਈ ਜਿੰਨ੍ਹਾ ਨੂੰ ਸੇਵਾ ਕਰਨ ਦਾ ਮੌਕਾ ਨਹੀਂ ਮਿਲਿਆ ਮੈਂ ਇਹ ਆਖਣਾ ਚਾਹੁੰਦਾ ਹਾਂ ਕਿ ਆਪ ਨੰ ਸਬਬਾਂ ਕਰਕੇ ਸੇਵਾ ਦਾ ਮੌਕਾ ਨਹੀਂ ਮਿਲ ਸਕਿਆ ਪਰੰਤੂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਮਹਿਮਾਨਾਦੀ ਸੇਵਾ ਕਰਨ ਦੀ ਨੀਤ ਪੂਰੀ ਹੋ ਗਈ ਅਤੇ ਰੱਬ ਆਪ ਨੂੰ ਉਸ ਪ੍ਰਤੀਫਲ ਤੋਂ ਵਾਂਝਿਆਂ ਨਹੀਂ ਕਰੇਗਾ ।

ਜਿਵੇਂ ਕਿ ਮੇਰਾ ਤਰੀਕਾ ਹੈ ਕਿ ਜਲਸੇ ਦੇ ਬਾਦ ਜੁਮਏ ਦੇ ਦਿਨ ਕਾਰਕੁਨਾ ਤੇ ਸੇਵਕਾਂ ਦਾ ਧੰਨਵਾਦ ਕਰਦਾ ਹਾਂ । ਲੋਕ ਵੀ ਦੁਨੀਆ ਭਰ'ਚੋਂ ਮੈਨੂੰ ਪਤੱਰ ਲਿਖੱਕੇ ਸੇਵਕਾਂ ਤੇ ਸਵੈਸੇਵਕਾਂ ਧੰਨਵਾਦ ਕਰ ਰਹੇ ਹਨ । ਵਰਖਾ ਤੇ ਚਿਕੱੜ ਦੇ

ਸਬਬ ਪਾਰਕਿੰਗ ਵਿੱਚ ਜੋ ਗੱਡੀਆਂ ਨੂੰ ਕਢੱਣ ਲਈ ਸਮੱਸਿਆ ਆਈ ਸੀ, ਸੇਵਕ ਆਪ ਵੀ ਚਿਕੱੜ ਵਿੱਚ ਲੱਤਪੱਤ ਹੋ ਗਏ ਸਨ, ਇਸ ਭਾਵਨਾ ਨੂੰ ਦੇਖਦਿਆਂ ਆਪਣਿਆਂ ਤੇ ਬੇਗ਼ਾਨਿਆਂ ਸਾਰਿਆਂ ਨੇ ਬਹੁਤ ਹੈਰਾਨੀ ਦਾ ਪ੍ਰਗਟਾਵਾ ਕੀਤਾ ।

ਇਸੇ ਪ੍ਰਕਾਰ ਹੋਰ ਵਿਭਾਗ ਜਿਵੇਂ ਸਫ਼ਾਈ, ਖਾਣਾ ਖੁਆਉਂਣਾ, ਰੋਟੀਆਂ ਪਕਾਉਂਣਾ ਤੇ ਸਭ ਤੋਂ ਮਹਤੱਵਪੂਰਨ ਮਾਰਕੀਆਂ ਲਾਉਂਣਾ (ਤੰਬੂ ਗਡੱਣੇ ਤੇ ਲਾਉਂਣੇ), ਟ੍ਰੈਕ ਵਿਛਾਉਂਣੇ ਆਦਿ ਕੰਮਾ ਲਈ ਕਈ ਹਫ਼ਤਿਆਂ ਤੱਕ ਨਿਰੰਤਰ ਸਵੈਸੇਵਕ ਆਉਂਦੇ ਰਹੇ ਅਤੇ ਹੁਣ ਵਾਈਂਡਅਪ (ਸਮੇਟਣ) ਲਈ ਵੀ ਕਈ ਦਿਨ ਦੇ ਰਹੇ ਹਨ । ਐਮ ਟੀ ਏ ਨੇ ਬਹੁਤ ਮਿਹਨਤ ਨਾਲ ਪ੍ਰੋਗਰਾਮ ਬਣਏ ਅਤੇ ਨ ਕੇਵਲ ਦੁਨੀਆ ਨੂੰ ਜਲਸਾ ਦਿਖਾਇਆ ਸਗੋਂ ਸਾਨੂੰ ਜਲਸਾਗਾਹ ਵਿੱਚ ਵੱਖ ਵੱਖ ਦੇਸ਼ਾਂ ਦੇ ਸਾਮੂਹਿਕ ਰੂਪ ਵਿੱਚ ਜਲਸਾ ਦੇਖਣ ਵਾਲਿਆਂ ਦੇ ਦ੍ਰਿਸ਼ ਦਿਖਾਕੇ ਸੰਭਵਤਾ ਇਕ ਅਦਭੁੱਤ ਅੰਤਰ ਰਾਸ਼ਟਰੀ ਘਰ ਦਾ ਚਿਤੱਰ ਖਿਚੱ ਦਿਤੱ । ਸੋ ਮੈਂ ਸਾਰਿਆਂ ਸੇਵਕਾਂ ਤੇ ਸਵੈ ਸੇਵਕਾਂ ਦਾ ਧੰਨਵਾਦ ਕਰਦਾ ਹਾਂ ਜਿੰਨ੍ਹਾ ਨੇ ਇਹਨਾਂ ਔਖਿਆਂ ਹਾਲਾਤਾਂ ਵਿੱਚ ਬੇਨਫ਼ਸ ਹੋਕੇ ਕੰਮ ਕੀਤਾ ।

ਮੇਰਾ ਵਿਚਾਰ ਸੀ ਕਿ ਕਾਰਕੁਨਾ ਤੇ ਸਵੈ ਸੇਵਕਾਂ ਦਾ ਧੰਨਵਾਦ ਕਰਕੇ ਮੈਂ ਆਪਣੇ ਲੜੀਵਾਰ ਖ਼ੁਤਬੇ ਦੇ ਵਿਸ਼ੈ ਨੂੰ ਵਰਨਣ ਕਰਾਂਗਾ । ਪਰੰਤੂ ਦੁਨੀਆ ਭਰ'ਚੋਂ ਜਲਸਾ ਸੁਣਨ ਵਾਲਿਆਂ ਦੇ ਵਿਚਾਰਾਂ ਤੇ ਭਾਵਨਾਵਾਂ ਦਾ ਐਨ੍ਹਾ ਅਸਾਧਾਰਣ ਪ੍ਰਗਟਾਵਾ ਹੈ ਕਿ ਮੈਂ ਸੋਚਿਆ ਕਿ ਅੱਜ ਖ਼ੁਤਬੇ ਵਿੱਚ ਹਮੇਸ਼ਾ ਵਾਂਗ ਵਿਚਾਰਾ ਤੇ ਮਿਹਰਾਂ ਦਾ ਹੀ ਵਰਨਣ ਕਾਂਗਾ ।

ਇਸ ਸਾਲ ਦੇ ਅਡੱਰੇ ਪ੍ਰਬੰਧਾ ਨਾਲ ਹੋਣ ਵਾਲੇ ਜਲਸੇ ਨੇ ਰੱਬ ਦੀਆਂ ਮਿਹਰਾਂ ਦੇ ਅਜਿਹੇ ਦਰ ਖੋਲ੍ਹੇ ਹਨ ਕਿ ਜਿਸ ਨਾਲ ਮਨੁੱਖ ਰੱਬ ਦਾ ਧੰਨਵਾਦ ਕਰਦਿਆਂ ਹੋਇਆਂ ਉਸਦੇ ਅੱਗੇ ਝੁਕਦਾ ਹੀ ਚਲਾ ਜਾਂਦਾ ਹੈ । ਅਲੱਾਹ ਤਆਲਾ ਕੈਸੀਆਂ ਕੈਸੀਆਂ ਮਿਹਰਾਂ ਜਮਾਤ'ਤੇ ਕਰ ਰਿਹਾ ਹੈ, ਇਹਨਾ ਸਾਰਿਆਂ ਹਾਲਾਤਾਂ ਦਾ ਹੁੰਦਿਆਂ ਹੋਇਆਂ ਇਕ ਘਾਟ ਦਾ ਲੋਕਾਂ ਨੇ ਜ਼ਿਕਰ ਕੀਤਾ ਹੈ ਕਿ ਇਸ ਸਾਲ ਅੰਤਰ ਰਾਸ਼ਟਰੀ ਬੈਅਤ ਨਹੀਂ ਹੋਈ ਜਿਸਦੀ ਉਹਨਾਂ ਨੂੰ ਬਹੁਤ ਓਡੀਕ ਸੀ । ਬਹਿਰਹਾਲ ਇਹਨਾਂ ਹਾਲਾਤਾਂ ਵਿੱਚ ਇਹ ਮੁਸ਼ਕਲ ਵੀ ਸੀ ਕਿ ਬੈਅਤ ਕੀਤੀ ਜਾਂਦੀ, ਮਜਬੂਰੀ ਸੀ ।

ਇਸ ਸਾਲ ਪਹਿਲੀ ਵਾਰ ਲਈਵ ਸਟ੍ਰੀਮਿੰਗ ਰਾਹੀਂ ਵੱਖ ਵੱਖ ਜਮਾਤਾਂ ਆਪਣੀ ਆਪਣੀ ਥਾਂ ਬੈਠਿਆਂ ਹੀ ਜਲਸੇ ਵਿੱਚ ਸ਼ਮਾਲ ਹੋਈਆਂ । ਯੂਕੇ ਵਿੱਚ ਵਿੱਚ ਪੰਜ ਥਾਵਾਂ'ਤੇ ਇਹ ਪ੍ਰਬੰਧ ਸੀ, ਜੱਦਕਿ ਯੂਕੇ ਤੋਂ ਬਿਨਾ 22 ਦੇਸ਼ਾਂ ਵਿੱਚੋਂ 37 ਸਥਾਨਾਂ ਤੋਂ ਇਸ ਰਾਹੀਂ ਲੋਕ ਜਲਸੇ ਵਿੱਚ ਸ਼ਾਮਲ ਹੋਏ । ਇਹਨਾਂ ਦੇਸ਼ਾਂ ਵਿੱਚ ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਇੰਡੋਨੇਸ਼ੀਆ, ਬੰਗਲਾਦੇਸ਼, ਮਾਰੇਸ਼ਸ, ਕਬਾਬੀਰ, ਭਾਰਤ, ਬੁਰਕੀਨਾ ਫ਼ਾਸੋ, ਘਾਨਾ, ਨਾਈਜੀਰੀਆ, ਗੈਂਬੀਆ, ਤਨਜ਼ਾਨੀਆ, ਫ੍ਰਾਂਸ, ਵਿਟਜ਼ਰਲੈਂਡ , ਜਰਮਨੀ, ਸਵੀਡਨ, ਬੈਲਜੀਅਮ, ਫ਼ਿਨਲੈਂਡ, ਹਾਲੈਂਡ ਆਦਿ ਸ਼ਮਾਲ ਹਨ । ਇਕ ਅਨੁਮਾਨ ਅਨੁਸਾਰ ਇਸਤਰੀਆਂ  ਦੇ ਸੈਸ਼ਨ ਨੂੰ ਵੀ ਤੀਹ ਪੈਂਤੀਹ ਹਜ਼ਾਰ ਇਸਤਰੀਆਂ ਨੇ ਦੇਖਿਆ ਤੇ ਦੇਖਿਆਂ ਤੇ ਸੁਣਿਆ ।

ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਨੇ ਦੁਨੀਆ ਭਰ ਵਿੱਚ ਫ਼ੈਲੇ ਹੋਏ ਵੱਖ ਵੱਖ ਲੋਕਾਂ ਤੇ ਇਸਤਰੀਆਂ ਦੇ ਵਿਚਾਰ ਪੇਸ਼ ਕੀਤੇ । ਇਕ ਗ਼ੈਰ ਜਮਾਤ ਜਾਪਾਨੀ ਮਿਤੱਰ ਮਸ਼ੀਮਾ ਓਸਾਮੂ ਸਾਹਬ ਜੋ ਹਜ਼ੂਰ ਅਨਵਰ ਦੇ ਜਪਾਨ ਦੇ ਦਧਰੇ ਸਮੇਂ ਮੇਜ਼ਬਾਨੀ ਦਾ ਆਨੰਦ ਲੈ ਚੁਕੇ ਹਨ, ਉਹਨਾਂ ਨੇ ਕਿਹਾ ਕਿ ਅੱਜ ਮੈਂ 6 ਅਗਸਤ ਦਾ ਖ਼ੁਤਬਾ ਸਣਿਆ ਤਾਂ ਮੈਂਨੂੰ ਜਪਾਨ ਵਿੱਚ ਜਮਾਤ ਲਈ ਕੀਤੀਆਂ ਸੇਵਾਵਾਂ ਚੇਤੇ ਆ ਗਈਆਂ । ਅੱਜ ਜਲਸੇ ਦਾ ਵਾਤਾਵਰਣ ਅਤੇ ਸੰਸਾਰ ਭਰ ਦੇ ਲੋਕਾਂ ਦਾ ਸਮੂਹ ਦੇਖਕੇ ਮੇਰੇ ਦਿਲ ਵਿੱਚ ਇਹ ਅਹਿਸਾਸ ਉਜਾਗਰ ਹੁੰਦਾ ਹੈ ਕਿ ਸੰਸਾਰ ਭਰ ਨੂੰ ਇਕ ਪਲੇਟਫ਼ਾਰਮ'ਤੇ ਇਕੱਠਿਆਂ ਕਰਨ ਅਤੇ ਅਮਨ ਸਲਾਮਤੀ ਲਈ ਜਮਾਤ ਅਹਮਦੀਆਂ ਦਾ ਕਿਰਦਾਰ ਕਿੰਨ੍ਹਾ ਮਹਤੱਵਪੂਰਨ ਹੈ ।

ਜ਼ੈਂਬੀਆ ਤੋਂ ਇਕ ਇਸਾਈ ਟੀਚਰ ਨੇ ਜਲਸੇ ਦੀ ਕਾਰਵਾਈ ਸੁਣਕੇ ਕਿਹਾ ਅੱਝ ਮੈਂਨੂੰ ਪਤਾ ਲਗੱਾ ਹੈ ਕਿ ਇਖ ਹੀ ਇਕ ਸਚੱਾ ਧਾਰਮ ਹੈ । ਨਾਈਜੀਰੀਆਂ ਦੇ ਇਕ ਗ਼ੈਰ ਅਹਮਦੀ ਮਿਤੱਤਰ ਨੇ ਵਰ੍ਹਦੇ ਮੀਂਹ ਵਿੱਚ ਰਜ਼ਾਕਾਰਾਂ (ਸਵੈ

ਸੇਵਕਾਂ) ਨੂੰ ਕੰਮ ਵਿੱਚ ਲੀਨ ਦੇਖਕੇ ਕਿਹਾ ਕਿ ਨਿਸ਼ਚੇ ਹੀ ਇਹ ਜਮਾਤ ਸੱਚਿਆ ਦੀ ਜਮਾਤ ਹੈ । ਮਸਾਕਾ ਜ਼ੈਂਬੀਆਂ ਤੋਂ ਇਸ ਗ਼ੈਰ ਜਮਾਤ ਅਧਿਆਪਕ ਦੇ ਕਿਹਾ ਕਿ ਅੱਜ ਮੈਂ ਆਪ ਦੇ ਖ਼ਲੀਫ਼ਾ ਤੋਂ ਇਕ ਗੱਲ ਸਿੱਖੀ ਹੈ ਕਿ ਇਸਲਾਮ ਹੀ ਉਹ ਇਕ ਧਰਮ ਹੈ ਜੋ ਇਸਤਰੀਆਂ ਦੇ ਹਕੱਾਂ'ਤੇ ਜ਼ੋਰ ਦਿੰਦਾ ਹੈ । ਨਾਈਜੀਰੀਆ ਵਿੱਚ ਇਕ ਗ਼ੈਰ ਅਹਮਦੀ ਮਹਿਮਾਨ ਮਰੀਯੱਮ ਸਾਹਿਬਾ ਨੇ ਕਿਹਾ ਕਿ ਅੱਜ ਮੈਂਨੂੰ ਇਨਤਰੀਆਂ ਦੇ ਹਕੱਾਂ ਤੇ ਕਰਤਵਾਂ ਦੋਹਾਂ ਦਾ ਵਾਸਤਵਿਕ ਗਿਆਨ ਹੋਇਆ ਹੈ । ਲਿਖੱਦੀ ਹਨ ਕਿ ਜੇਕਰ ਅਹਮਦੀਆਆਂ ਦੇ ਕਰਭ ਉਹਨਾ ਦੇ ਕਥਸਾਂ ਅਨੁਸਾਰ ਮੇਲ ਖਾਂਦਾ ਹੈ ਤਾਂ ਆਪ ਲੋਕਾਂ ਤੋਂ ਚੰਗਾ ਮੈਂ ਕੋਈ ਹੋਰ ਨਹੀਂ ਦੇਖਿਆ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਹਰ ਅਹਮਦੀ ਨੂੰ ਆਪਣੇ ਘਰਾਂ ਵਿੱਚ ਇਸ ਸਿੱਖਿਆ ਦੇ ਨਮੂਨੇ ਵੀ ਦਿਖਾਉਂਣੇ ਹੋਣਗੇ, ਤਾਂ ਜੋ ਇਸਲਾਮ ਦੀ ਇਹ ਵਾਸਤਵਿਕ ਸਿੱਖਿਆ ਦਾ ਲੋਕਾਂ'ਤੇ ਜੋ ਪ੍ਰਭਾਵ ਪਿਆ ਹੈ ਉਹ ਸਿਥਿਰ ਵੀ ਹੋਵੇ । ਅਹਮਦੀ ਪੁਰੁਸ਼ਾਂ ਲਈ ਬਹੁਤ ਸੋਚਣ ਦਾ ਸਥਾਨ ਹੈ ਕਿ ਆਪਣੇ ਰਵੱਯੇ ਆਪਣੇ ਘਰਾਂ ਵਿੱਚ ਠੀਕ ਰਖੱਣ । ਦੁਨੀਆ ਨੂੰ ਧੋਖਾ ਨ ਦੇਣ ।

ਕੈਮਰੂਨ ਦੇ ਸ਼ਹਿਰ ਮਰਵਾ ਦੇ ਨੇੜੇ ਇਕ ਪਿੰਹ ਦੇ ਚੀਫ਼ ਅਲਹਾਜ ਉਸਮਾਨ ਸਾਹਬ ਨੇ ਕਿਹਾ ਕਿ ਅੱਜ ਜਲਸੇ ਦੀ ਕਾਰਵਾਈ ਦੇਖਕੇ ਯਕੀਨ ਆ ਗਿਆ ਹੈ ਕਿ ਇਹ ਜਮਾਤ ਵਾਸਤਵ ਵਿੱਚ ਇਮਾਮ ਮਹਦੀ ਦੀ ਜਮਾਤ ਹੈ । ਮਲੇਸ਼ੀਆ ਤੋਂ ਇਕ ਨਵੇਂ ਅਹਮਦੀ ਮਹਿੰਦੇ ਹਨ ਕਿ ਮੈਂ ਜਲਸਾ ਸਾਲਾਨਾ ਯੂਕੇ ਦੇਖਕੇ ਰੱਬ ਦਾ ਬਹੁਤ ਧੰਨਵਾਦੀ ਹਾਂ ਅਤੇ ਪ੍ਰਣ ਕਰਦਾ ਹਾਂ ਕਿ ਖ਼ਿਲਾਫ਼ਤ ਨਾਲ ਹਮੇਸ਼ਾਂ ਫ਼ਰਮਾਬਰਦਾਰ ਤੇ ਆਗਿਆਕਾਰ ਰਹਾਂਗਾ । ਗਿਨੀ ਬਸਾਓ ਵਿੱਚ ਨਵੇਂ ਅਹਮਦੀ ਅਤੇ ਗ਼ੈਰ ਜਮਾਤ ਲੋਕਾਂ ਨੇ ਜਲਸੇ ਦੀ ਕਾਰਵਾਈ ਦੇਖਣ ਲਈ ਅਠਾਰ੍ਹਾਂ ਅਤੇ ਤੀਹ ਕਿਲੋਮੀਟਰ ਦੀ ਦੂਰੀ ਸਾਇਕਲਾਂ'ਤੇ ਜਾਂ ਪੈਦਲ ਤੈਅ ਕਰਕੇ ਪਹੁੰਚੇ ਅਤੇ ਇਸ ਮੌਕੇ'ਤੇ 127 ਲੋਕਾਂ ਨੇ ਅਮਹਦੀਅਤ ਕੁਬੂਲ ਕੀਤੀ । ਕਾਂਗੋ ਦੇ ਇਕ ਇਸਾਈ ਮਿਤੱਰ ਆਪਣੀ ਪਤਨੀ ਨੂੰ ਕਿਹਾ ਕਿ ਅਸੀ ਐਥੇ ਤਿੰਨ ਦਿਨਾਂ ਵਿੱਚ ਜੋ ਕੁਝ ਸਿੱਖਿਆ ਹੈ, ਇਸਾਈਅਤ ਵਿੱਚ ਰਹਿ ਕੇ ਪੂਰੇ ਜੀਵਨ ਵਿੱਚ ਨਹੀਂ ਸਿੱਖ ਸਕਦੇ । ਗਿਨੀਬਸਾਓ ਦੇ ਇਕ ਗ਼ੈਰ ਜਾਮਤ ਮਿਤੱਰ ਨੇ ਹਜ਼ੂਰ ਅਨਵਰ ਦੇ ਭਾਸ਼ਣ ਸੁਣਕੇ ਕਿਹਾ ਕਿ ਇਸਲਾਮ ਨੂੰ ਇਸ ਸਮੇਂ ਲੀਡਰ ਦੀ ਲੋੜਹੈ ਅਤੇ ਉਹ ਜਮਾਤ ਅਹਮਦੀਆ ਦੇ ਕੋਲ ਖ਼ਲੀਫ਼ਾ ਦੇ ਰੂਪ ਵਿੱਚ ਵਿਦਮਾਨ ਹੈ । ਇਹਨਾ ਨੇ ਜਲਸੇ ਦੇ ਅੰਤ ਵਿੱਚ ਬੈਅਤ ਕਰਕੇ ਅਹਮਦੀਅਤ ਪਰਵਾਨ ਕਰ ਲਈ । ਯਮਨ ਤੋਂ ਇਕਰਾਮ ਅਲੀ ਸਾਹਬ ਨੇ ਕਿਹਾ ਕਿ ਜੇਕਰ ਖ਼ਲੀਫ਼ਾ ਸਾਹਬ ਦਾ ਲਜਨਾ ਵਾਲਾ ਭਾਸ਼ਣ ਸਾਰਾ ਸਮਾਜ ਸੁਣੇ ਅਤੇ ਇਸ'ਤੇ ਅਮਲ ਕਰੇ ਤਾਂ ਇਹ ਸਮਾਜ ਪ੍ਰਤੀਸ਼ਤ ਸੁਧਰ ਜਾਵੇ ।

ਭਾਵ, ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਨਾਈਜਰ, ਜੈਂਬੀਆ, ਗੈਬੂਨ ਨਾਈਜੀਰੀਆ, ਗਿਨੀ ਕਨਾਕਰੀ , ਕੈਮਰੂਨ, ਮਾਲੀ, ਤਨਜ਼ਾਨੀਆ, ਮਲੇਸ਼ੀਆ, ਬ੍ਰਾਜ਼ੀਲ, ਗਿਨੀ ਬਸਾਓ, ਗਯਾਨਾ, ਮਾਰਿਸ਼ਸ, ਅਸਟ੍ਰੀਆ, ਆਇਵਰੀਕੋਸਟ, ਕਾਂਗੋ, ਬਰਾਜ਼ਾਵੇਲ, ਸੇਨੇਗਾਲ, ਯਮਨ, ਅਰਦਨ, ਸ਼ਾਮ, ਜਰਮਨੀ, ਇੰਡੋਨੇਸ਼ੀਆ, ਕਰਗਿਜ਼ਸਤਾਨ, ਆਸਟ੍ਰੇਲੀਆ, ਬ੍ਰਾਜ਼ੀਲ, ਗੋਏਟੇਮਾਲਾ, ਅਤੇ ਅਲਬਾਨੀਆ ਆਦਿ ਦੇਸ਼ਾਂ ਤੋਂ ਆਪਣੇ ਆਪਣੇ ਸਥਾਂਨਾ'ਤੇ ਐਮ ਟੀ ਏ ਜਾਂ ਹੋਰਨਾ ਸਾਧਨਾ ਰਾਹੀਂ ਜਲਸੇ ਦੇ ਪ੍ਰੋਗਰਾਮਾ ਵਿੱਚ ਸ਼ਾਮਲ ਹੋਣ ਅਤੇ ਲਾਭ ਚੁਕੱਣ ਵਾਲੇ ਅਹਮਦੀ ਲੋਕਾਂ ਅਤੇ ਗ਼ੈਰ ਜਮਾਤ ਲੋਕਾਂ ਦੇ ਵੱਖ ਵੱਖ ਵਿਚਾਰ ਪੇਸ਼ ਕੀਤੇ । ਸੰਸਾਰ ਭਰ ਦੇ ਵੱਖ ਵੱਖ ਭਾਗਾਂ ਤੇ ਖੇਤਰਾਂ ਵਿੱਚ ਵਸੱਦੇ ਵੱਖ ਵੱਖ ਰੰਗ ਰੂਪਾਂ ਤੇ ਨਸਲਾਂ ਅਤੇ ਵੱਖੋ ਵੱਖ ਭਾਸ਼ਾਵਾਂ ਬੋਲਣ ਵਾਲਿਆਂ ਇਹਨਾ ਸਾਰਿਆਂ ਲੋਕਾਂ ਨੇ ਜਲਸੇ ਦੇ ਵਿਵਸਥਤ ਪ੍ਰਬੰਧਾਂ, ਰੂਹਾਨੀ ਵਾਤਾਵਰਣ ਅਤੇ ਹਜ਼ੂਰ ਅਨਵਰ ਦੇ ਭਿਆਨ ਭਰਪੂਰ ਸੰਬੋਧਨਾ ਅਤੇ ਪ੍ਰਭਾਵ ਪੂਰਨ ਭਾਸ਼ਣਾ ਤੋਂ ਲਾਭ ਚੁਕੱਣ ਦਾ ਜ਼ਿਕਰ ਕੀਤਾ ਭਾਵ ਜਲਸੇ ਵਿੱਚ ਭਾਗ ਲੈਂਣ ਦੇ ਬਾਦ ਅਹਮਦੀਅਤ ਦੇ ਕੁਝ ਇਮਾਨ ਵਿੱਚ ਵਾਧਾ ਕਰਨ ਵਾਲੀਆਂ ਗਟਨਾਵਾਂ ਦਾ ਜ਼ਿਕਰ ਕੀਤਾ ।

ਜਲਸਾ ਸਾਲਾਨਾ ਦੇ ਮੌਕੇ'ਤੇ ਪ੍ਰਧਾਨ ਮੰਤਰੀ ਯੂਕੇ ਅਤੇ ਪ੍ਰਧਾਨ ਮੰਤਰੀ ਕੈਨੇਡਾ ਸਣੇ ਵੱਖ ਵੱਖ ਮੰਤਰੀਆਂ ਅਤੇ ਰਾਜੀਨੀਤਕ ਆਗੂਆਂ ਦੇ ਸ਼ੁਭ ਸਨੇਹੀ ਸੰਦੇਸ਼ ਪ੍ਰਾਪਤ ਹੋਏ । ਇਸੇ ਪ੍ਰਕਾਰ ਬਰਤਾਨੀਆ ਤੋਂ ਬਿਨਾ ਨੌਂ ਦੇਸ਼ਾਂ ਵਿੱਚੋਂ 109 ਸੰਦੇਸ਼ ਪ੍ਰਾਪਤ ਹੋਏ । ਇਹਨਾ ਦੇਸ਼ਾਂ ਵਿੱਚ ਅਮਰੀਕਾ, ਸੀਰਾਲੀਉਨ, ਗੈਂਬੀਆ, ਸੈਨੇਗਾਲ, ਕੀਨੀਆ, ਸਪੇਨ, ਹਾਲੈਂਡ ਅਤੇ ਜਰਮਨੀ ਸ਼ਾਮਲ ਹਨ ।

ਰੱਬ ਦੀ ਆਪਾਰ ਮਿਹਰ ਨਾਲ ਐਮਟੀਏ ਅਫ਼ਰੀਕਾ ਤੋਂ ਬਿਨਾ ਜਲਸਾ ਸਾਲਾਨਾ ਦਾ ਪ੍ਰਸਾਰਣ ਕੁਝ ਹੋਰ ਸਥਾਨੀਏ ਟੀਵੀ ਚੈਨਲਾਂ ਉਪੱਰ ਵੀ ਪ੍ਰਸਾਰਤ ਕੀਤਾ ਗਿਆ । ਅਫ਼ਰੀਕਾ ਵਿੱਚ ਪੰਜਾਹ ਮਿਲੀਯਨ ਲੋਕਾਂ ਤੋਂ ਵੱਧ ਭਾਸ਼ਾ ਹਾਉਂਸਾਂ ਵਿੱਚ ਪਹਿਲੀ ਵਾਰ ਅਨੁਵਾਦ ਹੋਇਆ । ਅਫ਼ਰੀਕਾ ਵਿੱਚ 16 ਟੀਵੀ ਚੈਨਲਾਂ ਨੇ ਜਲਸਾ ਸਾਲਾਨਾ ਬਾਰੇ ਖ਼ਬਰਾਂ ਨਸ਼ਰ ਕੀਤੀਆਂ । ਬੀਬੀਸੀ ਸਾਊਥ ਨੇ ਜਲਸੇ ਬਾਰੇ ਡਾਕੂਮੈਂਟਰੀ ਚਲਾਈ ਅਤੇ ਬੀਬੀਸੀ ਵਰਲਡ ਨੇ ਰਿਪੋਰਟ ਨਸ਼ਰ ਕੀਤੀ । ਚਾਲ੍ਹੀ ਵੈਬਸਾਈਟਾਂ ਨੇ ਜਲਸੇ ਦੀਆਂ ਦੀਆਂ ਖ਼ਬਰਾਂ ਨਸ਼ਰ ਕੀਤੀਆਂ । ਜਲਸੇ ਦੇ ਪੱਖੋਂ 16 ਰੇਡੀਓ ਪ੍ਰੋਗਰਾਮ ਨਸ਼ਰ ਹੋਏ । ਵੀਹ ਅਖ਼ਬਾਰਾਂ ਵਿੱਚ ਜਲਸੇ ਬਾਰੇ ਆਰਟੀਕਲ ਆਦਿ ਪ੍ਰਕਾਸ਼ਤ ਹੋਏ । 2 ਟੀਵੀ ਚੈਨਲਾਂ ਨੇ ਜਲਸੇ ਦੀਆਂ ਕਬਰਾਂ ਪ੍ਰਸਾਣ ਕੀਤੀਆਂ । ਇਹਨਾ ਸਾਰਿਆਂ ਸਾਧਨਾਂ ਤੋਂ ਬਿਨਾ ਸੋਸ਼ਲ ਮੀਡੀਆ ਰਾਹੀਂ ਲਗਭਗ ਤ੍ਰੇਠ ਲੱਖ ਲੋਕਾਂ ਤੱਕ ਸੰਦੇਸ਼ ਪਹੁੰਚਿਆ । ਬੰਗਲਾਦੇਸ਼ ਦੇ ਦੱਸ ਆਨ ਲਾਇਨ ਪੋਰਟਰਜ਼ ਅਤੇ ਅਖ਼ਬਾਰਾਂ ਵਿੱਚ ਜਲਸੇ ਦੀਆਂ ਖ਼ਬਰਾਂ ਤਸਵੀਰਾਂ ਸਹਿਤ ਪ੍ਰਕਾਸ਼ਤ ਹੋਈਆਂ । ਯੂ ਟਿਯੂਬ'ਤੇ ਪੰਦਰਾਂ ਮਿਲੀਯਨ ਤੋਂ ਵੱਧ ਲੋਕਾਂ ਨੇ ਵਿਜ਼ਿਟ ਕੀਤਾ । ਇੰਸਟਾਗ੍ਰਾਮ ਉਪੱਰ ਪੈਂਤੀਹ ਹਜ਼ਾਰ ਲੋਕਾਂ ਨੇ ਐਮਟੀਏ ਦਾ ਪੇਜ ਦੇਖਿਆ ਅਤੇ 1.97 ਮਿਲੀਯਨ ਲੋਕਾਂ ਤੱਕ ਇਸ ਦੀ ਪਹੁੰਚ ਹੋਈ । ਟਵਿਟੱਰ'ਤੇ ਇਕ ਲੱਖ ਤੋਂ ਵੱਧ ਲੋਕਾਂ ਨੇ ਐਮਟੀਏ ਦਾ ਪੇਜ਼ ਦੇਖਿਆ । ਫ਼ੇਸਬੁਕ ਰਾਹੀਂ ਸਾਢੇ ਪੰਜ ਲੱਖ ਲੋਕਾਂ ਤੱਕ ਸੰਦੇਸ਼ ਪਹੁੰਚਿਆ । ਐਮਟੀਏ ਦੀ ਆਪਣੀ ਵੈਬਸਾਈਟ ਨੂੰ ਇਕ ਲੱਖ ਵਾਰ ਦੇਖਿਆ ਗਿਆ । ਐਮਟੀਏ ਆਨ ਡੀਮਾਂਡ ਰਾਹੀਂ ਵੀ ਦੋ ਲੱਖ ਤੋਂ ਵੱਧ ਲੋਕਾਂ ਨੇ ਜਲਸੇ ਨੂੰ ਦੇਖਿਆ ।

ਖ਼ੁਤਬੇ ਦੇ ਅਖ਼ੀਰ ਵਿੱਚ ਹਜ਼ੂਰ ਅਨਵਰ ਨੇ ਦੁਆ ਕੀਤੀ ਕਿ ਅਲੱਾਹ ਤਆਲਾ ਇਸ ਜਲਸੇ ਦੇ ਡੂੰਘੇ ਪ੍ਰਭਾਵਤ ਸਿੱਟੇ ਵੀ ਪੈਦਾ ਕਰੇ ਅਤੇ ਚੰਗੇ ਤੇ ਨੇਕ ਲੋਕਾਂ ਨੂੰ ਅਹਮਦੀਅਤ ਅਰਥਾਤ ਹਕੀਕੀ ਇਸਲਾਮ ਵੱਲ ਪਹਿਲਾਂ ਤੋਂ ਵੱਧ ਰੜ੍ਹਕੇ ਧਿਆਨ ਦੁਆਵੇ ਅਤੇ ਰੱਬ, ਨਾਂ ਨਿਹਾਦ ਮੌਲਵੀਆਂ ਦੀਆਂ ਸ਼ਰਾਰਤਾਂ ਤੋਂ ਜਮਾਤ ਅਤੇ ਸਾਰਿਆਂ ਨੇਕ ਲੋਕਾਂ ਨੂੰ ਸੁਰੱਖਿਅਤ ਰੱਖੇ । ਆਮੀਨ ।

اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلاَ مُضِلَّ لَہٗ وَمَنْ یُّضْلِلْہُ فَلاَ ھَادِیَ لَہٗ وَنَشْھَدُ اَنْ لَّا اِلٰہَ اِلاَّ اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ. عِبَادَ اللّٰہِ رحمکم اللّٰہ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔

**Khulasa Khutba Jumma 13.08.2021**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131